ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ.ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172- 2623207, 2620106
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਪੰਜਾਬ।

ਸਮੂਹ ਸਕੂਲ ਮੁੱਖੀ, ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/75439-75478

ਮਿਤੀ: ਚੰਡੀਗੜ੍ਹ 27.02.2012

ਵਿਸ਼ਾ:- **ਮਾਰਚ, 2012 ਮਹੀਨੇ ਦੇ ਬਾਈ ਮੰਥਲੀ ਮੁਲਾਂਕਣ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਜੀ।

2.0 ਰਾਜ ਦੇ ਕਈ ਸਰਕਾਰੀ ਸਕੂਲਾਂ ਦੇ ਅਧਿਆਪਕ ਵਿਸ਼ਾ ਅਧੀਨ ਮੁਲਾਂਕਣ ਬਾਰੇ ਪੁੱਛ ਰਹੇ ਹਨ ਕਿ:

2.1 ਇਸ ਮੁਲਾਂਕਣ ਲਈ ਕਿੰਨਾ ਸਿਲੇਬਸ ਕਵਰ ਕੀਤਾ ਜਾਣਾ ਹੈ ਅਤੇ ਇਸ ਦਾ ਔਸਤ ਗ੍ਰੇਡ ਕਿਵੇਂ ਦੇਣਾ ਹੈ?

2.2 ਨੌਵੀਂ ਜਮਾਤ ਦੇ ਪਹਿਲੇ ਸਮੈਸਟਰ ਵਿੱਚੋਂ ਫੇਲ ਹੋ ਗਏ ਵਿਦਿਆਰਥੀਆਂ ਲਈ ਪੇਪਰ ਕਿਹੜੇ ਪੱਧਰ ਤੇ ਤਿਆਰ ਹੋਣਾ ਹੈ?

3.0 ਉਪਰੋਕਤ 2.1 ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਸ ਤਰ੍ਹਾਂ ਪਹਿਲਾਂ ਬਾਈ ਮੰਥਲੀ ਮੁਲਾਂਕਣ ਹੋਇਆ ਹੈ, ਉਸੇ ਤਰ੍ਹਾਂ ਹੀ ਮਾਰਚ, 2012 ਦਾ ਹੋਵੇਗਾ। ਮਾਰਚ ਮਹੀਨੇ ਵਿੱਚੋਂ 15 ਨੰਬਰ ਅਤੇ ਫਰਵਰੀ ਵਿੱਚੋਂ 5 ਨੰਬਰ ਦਾ ਸਿਲੇਬਸ ਲੈ ਕੇ ਟੂਲ ਤਿਆਰ ਕੀਤਾ ਗਿਆ ਹੈ। ਸਲਾਨਾ ਔਸਤ ਗ੍ਰੇਡ ਸਮੂਹ ਮਹੀਨਿਆਂ ਵਿੱਚ ਦਿੱਤੇ ਗ੍ਰੇਡਾਂ ਦਾ ਔਸਤ ਹੋਵੇਗਾ। ਇਸ ਬਾਬਤ ਫਾਰਮੂਲਾ ਅਧਿਆਪਕਾਂ ਨੂੰ ਦਿੱਤੇ CCE ਦੇ ਮਾਡਿਊਲ ਵਿੱਚ ਦਿੱਤਾ ਹੋਇਆ ਹੈ।

4.0 ਉਪਰੋਕਤ 2.2 ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨੌਵੀ ਜਮਾਤ ਦੇ ਪਹਿਲੇ ਸਮੈਸਟਰ 'ਚੋਂ ਵਿਦਿਆਰਥੀ ਜਿਸ ਵਿਸ਼ੇ ਵਿੱਚੋਂ ਫੇਲ ਹੋ ਗਏ ਹਨ, ਉਹਨਾਂ ਲਈ ਸਬੰਧਤ ਵਿਸ਼ਾ ਅਧਿਆਪਕ ਖੁਦ ਪ੍ਰਸ਼ਨ ਪੱਤਰ ਤਿਆਰ ਕਰ ਲੈਣ।

5.0 ਨੌਵੀਂ ਜਮਾਤ ਦੇ ਵਿਦਿਆਰਥੀਆਂ ਦੀ ਦੂਜੇ ਸਮੈਸਟਰ ਦੀ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਸਟੇਟ ਪ੍ਰੋਜੈਕਟ ਆਫਿਸ ਤੋਂ ਭੇਜਿਆ ਜਾ ਰਿਹਾ ਹੈ। ਇਹ ਪ੍ਰਸ਼ਨ ਪੱਤਰ ਦੂਜੇ ਸਮੈਸਟਰ ਦੇ ਪੂਰੇ ਸਿਲੇਬਸ ਵਿੱਚੋਂ ਸੈੱਟ ਕੀਤਾ ਗਿਆ ਹੈ।

6.0 ਮਾਰਚ ਮਹੀਨੇ ਦੇ ਮੁਲਾਂਕਣ ਕਾਰਜ ਲਈ ਸਮਾਂ ਸਾਰਣੀ ਜਲਦੀ ਹੀ ਵੈੱਬ ਸਾਈਟ ਤੇ ਪਾਈ ਜਾ ਰਹੀ ਹੈ।

7.0 ਉਪਰੋਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐੱਸ), ਵੈੱਬ ਸਾਈਟ ਲਈ